**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ**

**ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ**

**(ਦਫਤਰੀ ਅਮਲਾ ਸ਼ਾਖਾ)**

ਸੇਵਾ ਵਿਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ।

ਮੀਮੋ ਨੰ.: **ਈ-685692/**2024102523

ਮਿਤੀ: 24.04.2024

ਵਿਸ਼ਾ:- ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਕੰਮ ਕਰਦੇ ਸਕੂਲ ਲਾਇਬ੍ਰੇਰੀਅਨ/ਸਹਾਇਕ ਲਾਇਬ੍ਰੇਰੀਅਨ ਨੂੰ ਦਿੱਤੇ ਜਾਂਦੇ ਪੇਅ-ਗਰੇਡਾਂ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਾਲ 2012 ਦੌਰਾਨ ਵਿਭਾਗ ਵੱਲੋਂ ਸਕੂਲ ਲਾਇਬ੍ਰੇਰੀਅਨ ਦੀਆਂ 72 ਆਸਾਮੀਆਂ ਭਰਨ ਸਬੰਧੀ ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਨੂੰ requisition ਭੇਜੀ ਗਈ ਸੀ। ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਸਕੂਲ ਲਾਇਬ੍ਰੇਰੀਅਨ ਦੀਆਂ 72 ਆਸਾਮੀਆਂ ਸਿੱਧੀ ਭਰਤੀ ਰਾਹੀਂ ਤਨਖਾਹ 5910-20200 ਗਰੇਡ ਪੇ 2400 ਸਬੰਧੀ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਇਸ ਉਪਰੰਤ ਸਾਲ 2015 ਦੌਰਾਨ ਯੋਗ ਉਮੀਦਵਾਰਾਂ ਨੂੰ ਤਨਖਾਹ 5910-20200 ਗਰੇਡ ਪੇ 2400 ਵਿੱਚ ਨਿਯੁਕਤੀ ਸਬੰਧੀ ਪੇਸ਼ਕਸ਼ ਕੀਤੀ ਗਈ ਸੀ। ਹੁਣ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਜਿਲ੍ਹਿਆਂ ਦੇ ਸਕੂਲਾਂ ਵੱਲੋਂ ਇਹਨਾਂ ਉਮੀਦਵਾਰਾਂ ਨੂੰ ਗਰੇਡ ਪੇ 2400 ਦੀ ਥਾਂ ਤੇ ਗਰੇਡ ਪੇ 3000 ਦਿੱਤਾ ਜਾ ਰਿਹਾ ਹੈ। ਜਿਸ ਕਾਰਨ ਜਿਹੜੇ ਉਮੀਦਵਾਰਾਂ ਨੂੰ 2400 ਗਰੇਡ ਪੇ ਮਿਲ ਰਿਹਾ ਹੈ, ਉਨ੍ਹਾਂ ਵੱਲੋਂ ਗਰੇਡ ਪੇ 3000 ਲੈਣ ਸਬੰਧੀ ਮਾਨਯੋਗ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ 23758/2017, 17097/2023, 17735/2023 ਅਤੇ ਹੋਰ ਦਾਇਰ ਕੀਤੀਆਂ ਹਨ। ਜਿਸ ਕਾਰਨ ਵਿਭਾਗ ਨੂੰ ਕਾਨੂੰਨੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਸਕੂਲਾਂ ਵਿੱਚ ਜੋ ਉਮੀਦਵਾਰ ਇਸ ਭਰਤੀ ਨਾਲ ਸਬੰਧਤ ਬਤੌਰ ਸਕੂਲ ਲਾਇਬ੍ਰੇਰੀਅਨ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਇਸ ਸਮੇਂ ਦਿੱਤੀ ਜਾ ਰਹੀ ਤਨਖਾਹ+ਗ੍ਰੇਡ ਪੇ ਦੇ ਵੇਰਵੇ ਦੋ ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜਣੇ ਯਕੀਨੀ ਬਣਾਏ ਜਾਣ। ਇਹ ਵੇਰਵੇ ਉਕਤ ਕੇਸਾਂ ਵਿੱਚ ਬਣਾਏ ਜਾਣ ਵਾਲੇ ਜਵਾਬਦਾਵਿਆਂ ਲਈ ਲੋੜੀਂਦੇ ਹਨ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

24/4/24

**ਸਹਾਇਕ ਡਾਇਰੈਕਟਰ ਦਫਤਰੀ ਅਮਲਾ**

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰ: ਅ-4/1( )2024/265 ਮਿਤੀ 24-4-2024

ਮੂਲ ਰੂਪ ਵਿਚ ਭੇਜਕੇ ਉਪਰੋਕਤ ਪੱਤਰ ਅਨੁਸਾਰ ਸਬੰਧਤ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵਿਚ ਕੰਮ ਕਰ ਰਹੇ ਲਾਇਬ੍ਰੇਰੀਅਨਾਂ ਦੇ ਤਜਰਬਾ + ਸਟੇਟਸ ਪੇ ਦੇ ਵੇਰਵੇ ਲੈਕੇ ਮਿਤੀ 25-4-2024 ਨੂੰ 10 ਵਜੇ ਤੱਕ ਇਸ ਦਫ਼ਤਰ ਦੇ ਅਧਿਕਾਰਤ ਵਟਸਐਪ ਦੇ ਨੰਬਰ ਤੇ 97802-20310 ਤੇ ਭੇਜੇ ਜਾਣ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

24/4/24

ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।